PSPCL Punjab State Power Corporation Limited

Regd. Office: PSEB Head Office, The Mall, Patiala-147001, Website: www.pspcl.in
Corporate Identity No.:U40109PB2010SGC033813

**Office of: Senior Executive Engineer/DS Divn Bathinda**

D-322 Thermal Colony, Bathinda Phone No.0164-2270915
Email: xen.dsdivnbti@yahoo.com

ਵੱਲ

ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ)
ਜ਼ਿਲ੍ਹਾ ਸਕੱਤਰੇਤ, ਬਠਿੰਡਾ।

ਮੀਮੋ ਨੰ: 3237 /Defaulting-2022-23    ਮਿਤੀ 03/03/2023

ਵਿਸ਼ਾ: ਪੀ.ਐਸ.ਪੀ.ਸੀ.ਐਲ ਦੁਆਰਾ ਕਮਰਸ਼ੀਅਲ ਸਰਕੂਲਰ ਨੰ:05/2023 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਰਕਾਰੀ ਦਫਤਰਾਂ ਅਧੀਨ ਸਮਾਰਟ ਪ੍ਰੀ-ਪੇਡ ਮੀਟਰਾਂ ਦੀ ਅਦਾਇਗੀ ਸਬੰਧੀ ਸਬੰਧਤ ਸਰਕਾਰੀ ਅਦਾਰਿਆਂ ਵਿਖੇ ਨੋਡਲ ਅਫਸਰ ਨਿਯੁਕਤ ਕਰਨ ਸਬੰਧੀ।

ਵਿਸ਼ੇ ਸਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਐਸ.ਪੀ.ਸੀ.ਐਲ ਦੁਆਰਾ ਕਮਰਸ਼ੀਅਲ ਸਰਕੂਲਰ ਨੰ:05/2023 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਰਕਾਰੀ ਦਫਤਰਾਂ ਅਧੀਨ ਸਮਾਰਟ ਪ੍ਰੀ-ਪੇਡ ਮੀਟਰਾਂ ਲਗਾਉਣ ਦੀ ਕਾਰਵਾਈ ਆਰੰਭੀ ਜਾ ਚੁੱਕੀ ਹੈ ਅਤੇ ਇਨ੍ਹਾਂ ਖਾਤਿਆਂ ਦੀ ਅਦਾਇਗੀ ਸਬੰਧੀ ਹਰ ਕੁਨੈਕਸ਼ਨ ਲਈ ਨੋਡਲ ਅਫਸਰ ਨਿਯੁਕਤ ਕਰਨ ਸਬੰਧੀ ਹਦਾਇਤ ਜਾਰੀ ਕੀਤੀ ਗਈ ਹੈ। ਸੋ ਆਪ ਦੇ ਵਿਭਾਗ ਨਾਲ ਸਬੰਧਤ ਦਫਤਰਾਂ ਦੀ ਲਿਸਟ ਇਸ ਪੱਤਰ ਨਾਲ ਨੱਥੀ ਕਰਕੇ ਬੇਨਤੀ ਕੀਤੀ ਜਾਂਦਾ ਹੈ ਕਿ ਸਬੰਧਤ ਦਫਤਰਾਂ ਦੇ ਸਮਾਰਟ ਪ੍ਰੀ-ਪੇਡ ਮੀਟਰਾਂ ਦੀ ਅਦਾਇਗੀ ਸਬੰਧੀ ਨੋਡਲ ਅਫਸਰ ਨਿਯੁਕਤ ਕਰਕੇ ਨੋਡਲ ਅਫਸਰ ਨੂੰ ਹਦਾਇਤ ਕੀਤੀ ਜਾਵੇ ਕਿ ਮੋਬਾਇਲ ਨੰਬਰ ਅਤੇ ਈ-ਮੇਲ ਰਾਹੀਂ ਪੀ.ਐਸ.ਪੀ.ਸੀ.ਐਲ ਦੀ ਸਾਈਟ ਤੇ ਰਜਿਸਟਰ ਕੀਤਾ ਜਾਵੇ ਅਤੇ ਇਸ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਭਵਿੱਖ ਵਿੱਚ ਕੋਈ ਵੀ ਮੁਸ਼ਕਿਲ ਆਉਂਦੀ ਹੈ ਤਾਂ ਇਸ ਦੀ ਸਾਰੀ ਜਿੰਮੇਵਾਰੀ ਤੁਹਾਡੇ ਦਫਤਰ ਦੀ ਹੋਵੇਗੀ। ਇਸ ਤੋਂ ਇਲਾਵਾ ਇਸ ਮੰਡਲ ਦਫਤਰ ਅਧੀਨ ਆਉਂਦੇ ਉਪ ਮੰਡਲ ਦਫਤਰਾਂ ਦੁਆਰਾ ਇਸ ਸਬੰਧੀ ਨੋਟਿਸ ਸਬੰਧਤ ਕੁਨੈਕਸ਼ਨਾਂ ਨੂੰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਵਧੇਰੇ ਪੁੱਛਗਿੱਛ ਲਈ ਉਪ ਮੰਡਲ ਦਫਤਰਾਂ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਸੰਪਰਕ ਕਰ ਸਕਦੇ ਹੋ। ਇਹ ਆਪ ਜੀ ਦੀ ਜਾਣਕਾਰੀ ਹਿੱਤ ਹੈ ਜੀ।

ਨੱਥੀ: ਉਪਰੋਕਤ ਅਨੁਸਾਰ ਖਾਤਿਆਂ ਦੀ ਲਿਸਟ।

ਸੀਨੀਅਰ ਕਾਰਜਕਾਰੀ ਇੰਜੀਨੀਅਰ
ਵੰਡ ਮੰਡਲ ਬਠਿੰਡਾ।

ਸੀ:ਸੀ
1) ਨਿਗਰਾਨ ਇੰਜੀਨੀਅਰ,ਵੰਡ ਹਲਕਾ ਬਠਿੰਡਾ ਜੀ।
2) ਸਮੂਹ ਉਪ ਮੰਡਲ ਦਫਤਰ ਅਧੀਨ ਵੰਡ ਮੰਡਲ ਬਠਿੰਡਾ ਨੂੰ ਅਗੇਤਰੀ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਠਿੰਡਾ
ਪੱਤਰ ਨੰ:- ਲੇ-2/2( )2023/    ਮਿਤੀ 06/03/23.

ਉਪਰੋਕਤ ਵਿਸ਼ੇ ਸਬੰਧੀ ਸਮੂਹ ਸਬੰਧਤ ਸਕੂਲ ਜਿਨ੍ਹਾਂ ਵਿੱਚ ਸਮਾਰਟ ਪ੍ਰੀ-ਪੇਡ ਮੀਟਰ ਲਗਾਏ ਗਏ ਹਨ ਜਾਂ ਲਗਾਏ ਜਾਣੇ ਹਨ ਉਹ ਸਕੂਲ ਇਸ ਕੁਨੈਕਸ਼ਨ ਲਈ ਸਕੂਲ ਪੱਧਰ ਤੇ ਨੋਡਲ ਅਫਸਰ ਨਿਯੁਕਤ ਕਰਕੇ ਰਜਿਸਟ੍ਰੇਸ਼ਨ ਪੀ. ਐਸ. ਪੀ. ਸੀ. ਐਲ ਦੀ ਸਾਈਟ ਤੇ ਕਰਵਾਕੇ ਇਸ ਦਫਤਰ ਨੂੰ ਵੀ ਇਸ ਸਬੰਧੀ ਸੂਚਿਤ ਕੀਤਾ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ। 06/3/23

Scanned with OKEN Scanner